# ਹਮ ਇਹੁ ਕਾਜਿ ਜਗਤ ਮੋ ਆਏ



ਅਮਰਜੀਤ ਸਿੰਘ ਸੰਧੂ

# ਹਮ ਇਹ ਕਾਜਿ ਜਗਤ ਮੋ ਆਏ

*(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਲੀਲ੍ਹਾ ਦਾ ਪ੍ਰਸੰਗ)*


ਲੇਖਕ ਅਤੇ ਪੇਸ਼ਕਾਰ:

***ਅਮਰਜੀਤ ਸਿੰਘ ਸੰਧੂ***

421-ਦਕੋਹਾ (ਜਲੰਧਰ)-144023

ਫੋਨ: 94636-13528


ਮੁੱਲ: ਅਮੁੱਲ

ਨਵਦੀਪ ਮਾਡਲ ਸਕੂਲ ਦਕੋਹਾ ਦੇ ਬੱਚਿਆਂ ਵੱਲੋਂ
ਮਿਤੀ 12 ਜਨਵਰੀ 1992 ਨੂੰ
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੁਭ ਆਗਮਨ ਪੁਰਬ ਸਮੇਂ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਕੋਹਾ
ਵਿਖੇ ਪੇਸ਼ ਕੀਤਾ ਗਿਆ ਪ੍ਰੋਗਰਾਮ

•

ਇਹ ਕਿਤਾਬਚਾ ਮੁਫ਼ਤ ਵੰਡਣ ਵਾਸਤੇ ਹੈ।
ਵੰਡਣ ਵਾਸਤੇ ਹੋਰ ਕਾਪੀਆਂ
ਸ: ਅਮਰਜੀਤ ਸਿੰਘ ਸੰਧੂ, 421-ਦਕੋਹਾ
ਪਾਸੋ ਮੁਫ਼ਤ ਪ੍ਰਾਪਤ ਕਰੋ ਜੀ।


***ਨਵਦੀਪ ਪ੍ਰਕਾਸ਼ਨ***

421-ਦਕੋਹਾ (ਜਲੰਧਰ)-144023

ਫੋਨ: 94636-13528

☬

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਮੇਰੇ ਸਤਿਗੁਰ ਸੱਚੇ ਪਾਤਸ਼ਾਹ ਜੀ ਦੀ ਸਾਜੀ ਨਿਵਾਜ਼ੀ ਸਾਧ ਸੰਗਤ ਜੀਓ, ਆਪ ਜੀ ਨੂੰ ਖ਼ਾਲਸੇ ਦੇ ਗੁਰੂ-ਪਿਤਾ, ਅੰਮ੍ਰਿਤ ਦੇ ਦਾਤੇ, ਖੜਗਧਾਰੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੁਭ-ਆਗਮਨ ਪੁਰਬ ਦੀ ਲੱਖ ਲੱਖ ਵਧਾਈ ਹੋਵੇ।

ਖ਼ਾਲਸਾ ਜੀ ਜਦ ਕੋਈ ਫ਼ਸਲ ਬੀਜਣੀ ਹੁੰਦੀ ਹੈ ਤਾਂ ਪਹਿਲਾਂ ਉਸ ਵਾਸਤੇ ਯੋਗ ਜ਼ਮੀਨ ਦੀ ਤਿਆਰੀ ਜ਼ਰੂਰੀ ਹੁੰਦੀ ਹੈ, ਫਿਰ ਫ਼ਸਲ ਦਾ ਬੀਜ ਬੋਇਆ ਜਾਂਦਾ ਹੈ। ਉੱਗਣ 'ਤੇ ਉਸ ਨੂੰ ਪਾਣੀ ਦਿੱਤਾ ਜਾਂਦਾ ਹੈ, ਗੋਡੀ ਕੀਤੀ ਜਾਂਦੀ ਹੈ, ਲੋੜ ਪੈਣ ਤੇ ਖਾਦ ਪਾਈ ਜਾਂਦੀ ਹੈ ਤਾਂ ਕਿਤੇ ਜਾ ਕੇ ਫ਼ਸਲ ਤਿਆਰ ਹੋਣ ਦੀ ਆਸ ਕੀਤੀ ਜਾ ਸਕਦੀ ਹੈ। ਇੱਕ ਸਫਲ ਅੰਦੋਲਨ, ਇੱਕ ਸਫਲ ਕ੍ਰਾਂਤੀ ਵਾਸਤੇ ਵੀ ਇਹ ਸਭ ਗੱਲਾਂ ਜ਼ਰੂਰੀ ਹਨ।

ਗੁਰ ਸਿੱਖੀ ਇੱਕ ਸਫਲ ਅੰਦੋਲਨ ਹੈ, ਲਗਾਤਾਰ ਸੰਘਰਸ਼ ਹੈ ਤੇ ਇੱਕ ਸਫਲ ਕ੍ਰਾਂਤੀ ਹੈ। ਇਸ ਕ੍ਰਾਂਤੀ ਵਾਸਤੇ ਜ਼ਮੀਨ ਤਾਂ ਦੇਸ਼ ਵਿਚਲੀ ਧਾਰਮਿਕ ਕੱਟੜਤਾ, ਸਿਆਸੀ ਵਹਿਸ਼ੀਪਨ ਅਤੇ ਸਮਾਜਿਕ ਅਗਿਆਨਤਾ ਨੇ ਤਿਆਰ ਕਰ ਹੀ ਦਿੱਤੀ ਸੀ। ਐਸੀ ਜ਼ਮੀਨ ਹੀ ਕ੍ਰਾਂਤੀ ਵਾਸਤੇ ਅਨਕੂਲ ਹੁੰਦੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜ਼ਮੀਨ ਤਿਆਰ ਵੇਖਕੇ ਉਸ ਵਿੱਚ ਕ੍ਰਾਂਤੀ ਦੀ ਵਿਚਾਰਧਾਰਾ ਦਾ ਬੀਜ਼ ਬੀਜ ਦਿੱਤਾ। ਖ਼ਾਲਸਾ ਜੀ ਬੀਜ਼ ਦੇ ਉੱਗਣ ਵੇਲੇ ਕੋਈ ਪਟਾਕਾ ਨਹੀਂ ਪੈਂਦਾ, ਕੋਈ ਧਮਾਕਾ ਨਹੀਂ ਹੁੰਦਾ, ਸਗੋਂ ਕਈ ਵਾਰ ਤਾ ਪਤਾ ਵੀ ਨਹੀਂ ਲੱਗਦਾ ਕਿ ਕਿੱਥੇ ਤੇ ਕਦੋਂ ਕੋਈ ਬੀਜ਼ ਉੱਗ ਪਿਆ ਹੈ! ਪਰ ਜਦੋਂ ਇਸਦਾ ਪੌਦਾ ਆਪਣੀ ਖ਼ੁਸ਼ਬੂ ਖਿਲਾਰਦਾ ਹੈ, ਜਾਂ ਲੰਘਦਿਆਂ ਜਾਂਦਿਆਂ ਨੂੰ ਕੰਢੇ ਚੁਭਾਉਣ ਲੱਗਦਾ ਹੈ ਤਾਂ ਅਹਿਸਾਸ ਹੁੰਦਾ ਹੈ ਕਿ ਇਹ ਰਾਹਾਂ ਵਿੱਚ ਮਹਿਕਾਂ ਕੌਣ ਵੰਡ ਰਿਹਾ ਹੈ ਜਾਂ ਰਾਹ ਵਿੱਚ ਕੰਢੇ ਕੌਣ ਖਿਲਾਰ ਰਿਹਾ ਹੈ? ਕੰਢੇ ਤਾਂ ਸਭ ਨੂੰ ਚੁੱਭਦੇ ਹਨ, ਪਰ ਕਈਆਂ ਨੂੰ ਤਾਂ ਮਹਿਕ ਵੀ ਚੁੱਭਦੀ ਹੈ। ਹਾਂ- ਜਦ ਸਿੱਖੀ ਦੇ ਬੂਟੇ ਨੇ ਮਹਿਕਾਂ ਛੱਡੀਆਂ ਤਾਂ ਕਈਆਂ ਦੀ ਅੱਖ ਵਿੱਚ ਇਹ ਮਹਿਕਾਂ ਵੰਡਦਾ ਬੂਟਾ ਵੀ ਸੂਲਾਂ ਵਾਂਗ ਰੜਕਣ ਲੱਗ ਪਿਆ। ਪੰਜਵੇਂ ਸਰੂਪ ਵਿੱਚ ਇਸ ਬੂਟੇ ਨੂੰ ਮਿਟਾ ਦੇਣ ਦੀ ਕੋਸ਼ਿਸ਼ ਕੀਤੀ ਗਈ। ਪਰ ਸਰੀਰ ਹੀ ਮਿਟ ਸਕਿਆ, ਆਤਮਾ ਨਹੀਂ ਮਿਟੀ। ਨਵੇਂ ਸਰੀਰ ਨੇ ਤਲਵਾਰ ਚੁੱਕ ਲਈ। ਬਈ, 'ਆਓ ਕੰਢਿਆਂ ਦੇ ਵਪਾਰੀਓ, ਹੁਣ ਅਸੀਂ ਤੁਹਾਡਾ ਸਰੀਰਕ ਤੌਰ 'ਤੇ ਵੀ ਮੁਕਾਬਲਾ ਕਰਾਂਗੇ।' ਪਰ ਜਦੋਂ ਦਿੱਲੀ ਦੇ ਸ਼ਾਹ ਜਹਾਂਗੀਰ ਨੂੰ ਆਪਣੇ ਚਰਨੀਂ ਡੇਗ ਲਿਆ ਤਾਂ ਅੰਤਰਜਾਮੀ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ

ਵੇਖਿਆ ਕਿ ਨੇੜ ਭਵਿੱਖ ਵਿੱਚ ਬਹੁਤੇ ਸਰੀਰਕ ਸੰਘਰਸ਼ ਦੀ ਲੋੜ ਨਹੀਂ ਪਵੇਗੀ ਤਾਂ ਅਗਲੀਆਂ ਪਾਤਸ਼ਾਹੀਆਂ ਵਾਸਤੇ ਹੁਕਮ ਕੀਤਾ ਕਿ ਫੌਜ ਸਿਰਫ਼ 2200 ਦੀ ਗਿਣਤੀ ਤੱਕ ਹੀ ਰੱਖਣੀ ਹੈ ਅਤੇ ਗ਼ੈਰ ਜ਼ਰੂਰੀ ਟਕਰਾਉਂ ਤੋਂ ਪਰਹੇਜ਼ ਕਰਨਾ ਹੈ।

ਪਰ,

ਔਰੰਗਜੇਬ ਦੇ ਅੰਤਲੇ ਸਮੇਂ ਫਿਰ ਜ਼ੁਲਮ ਜਬਰ ਦੀ ਅੱਤ ਹੀ ਹੋ ਗਈ ਸੀ। ਇਸੇ ਕਾਰਨ ਨੌਂਵੇਂ ਪਾਤਸ਼ਾਹ ਜੀ ਨੇ ਆਪਣਾ ਸੀਸ ਕੁਰਬਾਨ ਕੀਤਾ। ਖ਼ਾਲਸਾ ਜੀ, ਆਪਣੇ ਸੀਸ ਤੋਂ ਵੱਧ ਹੋਰ ਕੋਈ ਦੇ ਵੀ ਕੀ ਸਕਦਾ ਹੈ? ਇਸੇ ਲਈ ਦਸਮ-ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਫਿਰ ਤਲਵਾਰ ਉਠਾਈ ਤੇ ਜ਼ਾਲਿਮ ਨੂੰ ਲਲਕਾਰਾ ਮਾਰਿਆ ਕਿ-"ਐ ਜ਼ਾਲਿਮ, ਅਸੀਂ ਸੀਸ ਦੇਣ ਦੀ ਪ੍ਰੰਪਰਾ ਤਾਂ ਜ਼ਾਰੀ ਰੱਖਾਂਗੇ ਹੀ ਪਰ ਹੁਣ ਸਾਡੇ ਇੱਕ ਸੀਸ ਵਾਸਤੇ ਤੁਹਾਡੇ ਸਿਰਾਂ ਦੇ ਵੀ ਢੇਰ ਲੱਗਿਆ ਕਰਨਗੇ। ਇੱਕ ਇੱਕ ਦੇ ਬਰਾਬਰ ਸਵਾ ਸਵਾ ਲੱਖ ਤੋਲਿਆ ਜਾਵੇਗਾ। ਸੀਸ ਤਾਂ ਸਾਡੇ ਹੁਣ ਵੀ ਹਾਜ਼ਰ ਨੇ।"

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਧਰਮ ਦੀ ਵਿਰੋਧਤਾ ਨਹੀਂ ਕੀਤੀ, ਕਿਸੇ ਨਾਲ ਜ਼ਿਆਦਤੀ ਨਹੀਂ ਕੀਤੀ, ਕਿਸੇ ਨਾਲ ਵਿਤਕਰਾ ਨਹੀਂ ਕੀਤਾ। ਜਦ ਆਪ ਕੁੱਝ ਦਿਨਾਂ ਦੇ ਹੀ ਬਾਲ ਸਨ ਤਾਂ ਪੀਰ ਭੀਖਣ ਸ਼ਾਹ (ਪੀਰ ਸ਼ਾਹ ਭੀਖ ਕਰਨਾਲ ਵਾਲੇ ) ਪੰਜਾਬ ਤੋਂ ਪਟਨਾ ਸਾਹਿਬ (ਬਿਹਾਰ) ਪਹੁੰਚੇ। ਉਹਨਾਂ ਨੇ ਦੋ ਮਠਿਆਈ ਦੇ ਕੁੱਜੇ ਆਪ ਜੀ ਦੀ ਸੇਵਾ ਵਿਚ ਪੇਸ਼ ਕੀਤੇ। ਦਿਲ ਵਿੱਚ ਸੀ ਕਿ-ਇੱਕ ਕੁੱਜਾ ਹਿੰਦੂ ਧਰਮ ਦਾ ਹੈ ਤੇ ਦੂਜਾ ਮੁਸਲਮਾਨ ਧਰਮ ਦਾ ਹੈ, ਵੇਖੀਏ ਸੰਭਾਵੀ ਗੁਰੂ ਜੀ ਕਿਸ ਨੂੰ ਅਪਨਾਉਂਦੇ ਹਨ? ਖ਼ਾਲਸਾ ਜੀ! ਦੁਨਿਆਵੀ ਬੱਚੇ ਦਾ ਸੁਭਾਅ ਹਰ ਚੀਜ਼ ਨੂੰ ਆਪਣੇ ਵੱਲ ਖਿਚ ਲੈਣ ਦਾ ਹੁੰਦਾ ਹੈ, ਪਰ ਬਾਲਾ ਪ੍ਰੀਤਮ ਜੀ ਨੇ ਇੰਜ ਨਹੀਂ ਕੀਤਾ। ਦੋਵਾਂ ਕੁੱਜਿਆਂ 'ਤੇ ਦੋਵੇਂ ਹੱਥ ਰੱਖ ਦਿੱਤੇ। ਇਉਂ ਉਹਨਾਂ ਨੇ ਦੱਸ ਦਿੱਤਾ ਕਿ ਇਹ ਦੋਵੇਂ ਧਰਮ ਮੈਨੂੰ ਇੱਕੋ ਜਿੰਨੇ ਹੀ ਪਿਆਰੇ ਹਨ, ਇਹਨਾਂ 'ਤੇ ਵੀ ਮੈਂ ਆਪਣਾ ਹੱਥ ਰੱਖਾਂਗਾ। ਫਿਰ ਦੋਵੇਂ ਹੱਥ ਚੁੱਕ ਲਏ, ਇਉਂ ਉਹਨਾਂ ਨੇ ਦੱਸ ਦਿੱਤਾ ਕਿ ਇਹਨਾਂ ਦੋਵਾਂ ਵਿੱਚੋਂ ਮੈਂ ਕਿਸੇ ਨੂੰ ਵੀ ਅਪਨਾਵਾਂਗਾ ਨਹੀਂ, ਅਪਨਾਉਣ ਵਾਸਤੇ ਮੇਰੇ ਬਾਬਾ ਨਾਨਕ ਜੀ ਦਾ ਪਿਰਮ-ਪਿਆਲਾ ਮੇਰੇ ਕੋਲ ਹੈ। ਐਸੇ ਸਨ ਮੇਰੇ ਬਾਲਾ ਪ੍ਰੀਤਮ ਜੀ ਬਚਪਨ ਸਮੇਂ ਤੋਂ ਹੀ। ਤਾਂ ਆਉ ਮਾਤਾ ਗੁਜ਼ਰੀ ਜੀ ਦੇ ਇਸ ਲਾਲ ਦੀ ਬਾਲ ਲੀਲਾ ਨਵਦੀਪ ਮਾਡਲ ਸੰਸਥਾ ਦੇ ਬੱਚਿਆਂ ਪਾਸੋਂ ਸੁਣੀਏ:-

## ਮਾਤਾ ਗੁਜ਼ਰੀ ਦਾ ਲਾਲ

ਹੋਇਆ ਕ੍ਰਿਸ਼ਮਾ ਕਮਾਲ॥
ਹੋ ਗਈ ਦੁਨੀਆਂ ਨਿਹਾਲ॥
ਜਗ ਵਿਚ ਆਇਆ,
ਆਇਆ ਜੀ ਮਾਤਾ ਗੁਜ਼ਰੀ ਦਾ ਲਾਲ,
ਜਗ ਵਿਚ ਆਇਆ॥

ਆਇਆ ਪਟਨੇ ਵਿਚ ਨੂਰ॥
ਨ੍ਹੇਰਾ ਹੋਇਆ ਸੀ ਦੂਰ॥
ਮਾਤਾ ਗੁਜ਼ਰੀ ਦਾ ਪਿਆਰਾ॥
ਉਸਦੇ ਨੈਣਾਂ ਦਾ ਤਾਰਾ॥

ਦੇ ਕੇ ਦਰਸ਼ਨ,
ਦਰਸ਼ਨ ਜੀ ਕੀਤਾ ਸਭ ਨੂੰ ਨਿਹਾਲ॥
ਜਗ ਵਿਚ ਆਇਆ... ... ...

ਗੁਰੂ ਤੇਗ ਬਹਾਦਰ॥
ਸਾਰੇ ਹਿੰਦ ਦੀ ਚਾਦਰ।।
ਵੰਡਦੇ ਫਿਰਦੇ ਸੀ ਚਾਨਣ॥
ਲੋਕੀਂ ਚਾਨਣ ਨੂੰ ਮਾਨਣ॥
ਘਰ ਵਿਚ ਖੇਡੇ,
ਖੇਡੇ ਉਹਨਾਂ ਦੇ ਗੋਬਿੰਦ ਗੋਪਾਲ॥
ਜਗ ਵਿਚ ਆਇਆ... ... ...

ਨਿੱਕੇ ਨਿੱਕੇ ਜਿਹੇ ਬੱਚੇ॥
ਗੋਬਿੰਦ ਕਰ ਲੈਂਦਾ 'ਕੱਠੇ॥
ਕਰਨੇ ਦਸਦਾ ਹੈ ਵਾਰ॥
ਕਰਦਾ ਫੌਜਾਂ ਤਿਆਰ॥
ਚੋਜੀ ਪ੍ਰੀਤਮ,
ਪ੍ਰੀਤਮ ਜੀ ਖੇਡੇ ਖੇਡਾਂ ਕਮਾਲ॥
ਜਗ ਵਿਚ ਆਇਆ... ... ...

ਰਾਜੇ ਮੈਣੀ ਦੇ ਵਿਹੜੇ॥
ਵੰਡੇ ਖੁਸ਼ੀਆਂ ਤੇ ਖੇੜੇ॥
ਜਾ ਕੇ ਰਾਣੀ ਦੇ ਕੋਲੇ॥
ਮੰਗੇ ਘੁੰਙਣੀਆਂ-ਛੋਲੇ॥
ਵੰਡ ਕੇ ਖਾਂਦਾ,
ਖਾਂਦਾ ਜੀ ਸਾਰੇ ਬਾਲਾਂ ਦੇ ਨਾਲ॥
ਜਗ ਵਿਚ ਆਇਆ... ... ...

ਆਏ ਪੁਰੀ ਆਨੰਦ॥
ਚੜਿਆ ਮੱਸਿਆ ਨੂੰ ਚੰਦੇ॥
ਸਿੱਖੀ ਵਿੱਦਿਆ ਅਪਾਰ॥
ਜੰਗਾਂ-ਯੁੱਧਾਂ ਦੀ ਸਾਰ॥
ਸਿੱਖਿਆਂ ਦਿੱਤੀ,
ਦਿੱਤੀ ਗੋਬਿੰਦ ਨੂੰ ਮਾਮੇਂ ਕ੍ਰਿਪਾਲ॥
ਜਗ ਵਿਚ ਆਇਆ... ... ...

»»»

ਪੰਡਿਤ ਲੈ ਕੇ ਸੰਤਾਪ॥
ਆਏ ਕਰਦੇ ਵਿਰਲਾਪ॥
ਦੂਜੇ ਧਰਮਾਂ ਤੋਂ ਵਾਰੇ॥
ਸੰਧੂ ਪਿਤਾ ਪਿਆਰੇ॥
ਕਹਿੰਦੇ ਬਾਪੂ-
ਬਾਪੂ ਜੀ ਬਣੀਏਂ ਦੁਖੀਆਂ ਦੀ ਢਾਲ॥
ਜਗ ਵਿਚ ਆਇਆ
ਆਇਆ ਜੀ ਮਾਤਾ ਗੁਜ਼ਰੀ ਦਾ ਲਾਲ॥
ਜਗ ਵਿਚ ਆਇਆ॥

•

ਸਤਿਗੁਰ ਕਹਿੰਦੇ ਬਾਪੂ ਜੀ ਬਣੀਏ ਦੁਖੀਆਂ ਦੀ ਢਾਲ..... ਕਿਆ ਜਜ਼ਬਾ ਹੈ। 9 ਸਾਲ ਦੇ ਬੱਚੇ ਗੋਬਿੰਦ ਰਾਇ ਜੀ (ਇਹ ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਦਾ ਨਾਮ ਸੀ।) ਆਪਣੇ ਗੁਰੂ ਪਿਤਾ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਕਹਿ ਰਹੇ ਹਨ, "ਪਿਤਾ ਜੀ! ਜੇ ਹਿੰਦੂ ਧਰਮ ਨੂੰ ਬਚਾਉਣ ਵਾਸਤੇ ਕਿਸੇ ਮਹਾਪੁਰਖ ਦੀ ਕੁਰਬਾਨੀ ਦੀ ਹੀ ਲੋੜ ਹੈ ਤਾਂ ਤੁਹਾਡੇ ਨਾਲੋਂ ਵੱਡਾ ਹੋਰ ਕਿਹੜਾ ਮਹਾਂਪੁਰਖ ਹੋ ਸਕਦਾ ਹੈ?" ਕਿੱਡੀ ਵੱਡੀ ਗੱਲ ਹੈ! ਗੱਲ ਹੀ ਨਹੀਂ ਕਿੱਡੀ ਵੱਡੀ ਕੁਰਬਾਨੀ ਹੈ! ਮੇਰੇ ਬਾਲਾ-ਪ੍ਰੀਤਮ ਸਾਰੇ ਹਿੰਦੋਸਤਾਨ ਉੱਤੇ ਧਰਮ ਦੀ ਠੰਡੀ ਛਾਂ ਬਣਾਈ ਰੱਖਣ ਵਾਸਤੇ ਆਪਣੀ ਬਾਲ-ਅਵਸਥਾ ਵਿੱਚ ਹੀ ਆਪਣੇ ਸਿਰ ਤੋਂ ਪਿਆਰੇ ਪਿਤਾ ਦੀ ਛਾਂ ਕੁਰਬਾਨ ਕਰ ਦੇਣ ਵਾਸਤੇ ਉਤਾਵਲੇ ਹਨ। ਇਹੋ ਜਿਹਾ ਕਾਰਨਾਮਾ ਸਤਿਗੁਰੂ ਤੇਗ਼ ਬਹਾਦਰ ਜੀ ਵਰਗੇ ਮਹਾਂਪੁਰਖ ਦਾ ਸਪੂਤ ਹੀ ਕਰ ਸਕਦਾ ਸੀ।

ਅੱਜ-ਕੱਲ੍ਹ ਦੇ ਮਾਪਿਆਂ ਦੇ ਸਾਰੇ ਗਿਲੇ ਸਾਡੇ ਸਿਰ-ਮੱਥੇ 'ਤੇ ਕਿ ਅਜੋਕੇ ਬੱਚੇ ਆਗਿਆਕਾਰੀ ਨਹੀਂ ਹਨ, ਉਹਨਾਂ ਦਾ ਧਰਮ ਨਾਲ ਲਗਾਉ ਨਹੀਂ ਹੈ, ਉਹ ਸਿੱਖੀ ਦੀ ਸੰਭਾਲ ਨਹੀਂ ਕਰਦੇ, ਉਹ ਪਤਿਤ ਹੁੰਦੇ ਜਾ ਰਹੇ ਹਨ। ਖ਼ਾਲਸਾ ਜੀ, ਇਹ ਸਾਰੇ ਗਿਲੇ ਠੀਕ ਹਨ ਪਰ ਆਉ ਆਪਾਂ ਜ਼ਰਾ ਆਪਣੇ ਅੰਦਰ ਵੀ ਤਾਂ ਝਾਤੀ ਮਾਰੀਏ ਨਾ। ਬੱਚੇ ਦਾ ਚਰਿੱਤਰ ਉਸਾਰਨ ਵਿੱਚ ਤਿੰਨ ਗੱਲਾਂ ਦਾ ਬੜਾ ਵੱਡਾ ਯੋਗਦਾਨ ਹੁੰਦਾ ਹੈ- ਰੰਗਤ, ਪੰਗਤ ਤੇ ਸੰਗਤ।

ਰੰਗਤ:- ਭਾਵ ਕਿ ਬੱਚੇ ਨੂੰ ਮਾਪਿਆਂ ਵੱਲੋਂ ਵਿਰਾਸਤ ਵਿੱਚ ਕਿਹੋ ਜਿਹੀ ਰੰਗਤ ਮਿਲੀ। ਪੰਗਤ:— ਮਤਲਬ ਕਿ ਅਸੀਂ ਬੱਚੇ ਨੂੰ ਕਿਹੋ ਜਿਹਾ ਲੰਗਰ-ਪਾਣੀ ਛਕਾ ਰਹੇ ਹਾਂ। ਕਿਤੇ ਉਸ ਨੂੰ ਹਰਾਮ ਦੀ ਕਮਾਈ ਹੀ ਤਾਂ ਨਹੀਂ ਛਕਾਈ ਜਾਂਦੇ। ਹਰਾਮ ਦੀ ਕਮਾਈ ਖਾਣ ਵਾਲੇ ਬੱਚੇ ਦੀ ਬੁੱਧ ਹਰ ਹਾਲਤ ਵਿੱਚ ਹਰਾਮੀ ਹੋ ਜਾਂਦੀ ਹੈ। 'ਜਿਹੋ ਜਿਹਾ ਦੱਧ, ਉਹੋ ਜਿਹੀ ਬੁੱਧ' ਜਾਂ 'ਜਿਹੋ ਜਿਹਾ ਤੇਰਾ ਅੰਨ-ਪਾਣੀ, ਉਹੋ ਜਿਹਾ ਸਾਡਾ ਕੰਮ ਜਾਣੀ'।

ਸੰਗਤ:— ਯਾਨੀ ਕਿ ਅਸੀਂ ਆਪਣੇ ਬੱਚੇ ਨੂੰ ਕਿਹੋ ਜਿਹੀ ਸੰਗਤ ਵਿੱਚ ਵਿਚਰਨ ਦੇ ਮੌਕੇ ਦੇ ਰਹੇ ਹਾਂ। ਸਾਧ-ਸੰਗਤ ਜੀ, ਬੱਚੇ ਤਾਂ ਗਿੱਲੀ ਮਿੱਟੀ ਹੁੰਦੇ ਨੇ, ਉਹਨਾਂ ਨੂੰ ਜਿਹੇ ਜਿਹੀ ਸ਼ਕਲ ਦੇਣੀ ਚਾਹੋ ਦੇ ਲਉ। ਉਹਨਾਂ ਦੇ ਚਰਿੱਤਰ ਨੂੰ ਅਸੀਂ ਕਿਹੋ ਜਿਹੀ ਸ਼ਕਲ ਵਿੱਚ ਢਾਲਣਾ ਹੈ ਇਹ ਬਹੁਤ ਕਰਕੇ ਸਾਡੇ ਵਿਰਸੇ ਅਤੇ ਸਾਂਭ-ਸੰਭਾਲ 'ਤੇ ਹੀ ਨਿਰਭਰ ਕਰਦਾ ਹੈ।

ਵੇਖੋ ਨਾ! ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਕਿਹੋ ਜਿਹੇ ਸਨ! ਹੂ-ਬ-ਹੂ ਸ਼੍ਰੀ ਦਸਮੇਸ਼ ਵਰਗੇ, ਧਰਮ ਦੇ ਪੂਰੇ ਤੇ ਕਰਮ ਦੇ ਸੂਰੇ, ਤੇਗ਼ ਦੇ ਧਨੀ, ਕਲਗੀਧਰ ਵਰਗੇ ਖੜਗਧਾਰੀ, ਸ਼ੇਰ ਦੂਲੇ, ਨਿੱਕੇ-ਨਿੱਕੇ ਗੋਬਿੰਦ!ਸਿਰਫ ਅਠਾਰਾਂ ਸਾਲਾਂ ਦੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਪੰਦਰਾਂ ਸਾਲਾਂ ਦੇ ਸਹਿਬਜ਼ਾਦਾ ਜੁਝਾਰ ਸਿੰਘ ਜੀ ਜਦੋਂ ਚਮਕੌਰ ਦੀ ਗੜ੍ਹੀ ਵਿੱਚ ਦਸ ਲੱਖ ਮੁਗਲ-ਟੋਲੇ ਵਿੱਚ ਚਾਲੀ ਸਿੰਘਾਂ ਨਾਲ ਘਿਰ ਗਏ ਤਾਂ ਇਸ ਰਣ-ਤੱਤੇ ਵਿੱਚ ਕਿਵੇਂ ਜੂਝੇ ਮੇਰੇ ਕਲਗੀਧਰ-ਪਾਤਸ਼ਾਹ ਦੇ ਦੋ ਨਬਾਲਗ ਬਾਲ!

ਕਿਵੇਂ ਜੂਝੇ? ਆਉ ਛੋਟੇ-ਛੋਟੇ ਬੱਚਿਆਂ ਦੀ ਜ਼ੁਬਾਨੀ ਸੁਣੀਏ ਛੋਟੇ-ਛੋਟੇ ਬੱਚਿਆਂ ਦੀ ਵੀਰ-ਗਾਥਾ:

## ਵਾਰ ਬਾਬਾ ਅਜੀਤ ਸਿੰਘ ਜੀ ਦੀ

ਕਲਗੀਆਂ ਵਾਲੇ ਛੱਡ ਆਨੰਦਪੁਰ ਸਰਸਾ ਟੱਪ ਗਏ ਜਦ ਵੀਰੋ,
ਉਹਨਾਂ ਵਿੱਚ ਗੜ੍ਹੀ ਚਮਕੌਰ ਦੀ ਡੇਰੇ ਲਾਏ॥
ਚਾਲੀ ਸਿੰਘ ਸੀ ਭੁੱਖਣ ਭਾਣੇ ਨਾਲ ਗੁਰੂ ਜੀ ਦੇ ਉਸ ਵੇਲੇ,
ਦਸ ਲਖ ਨਾਲੋਂ ਵਧ ਮੁਗਲਾਂ ਨੇ ਘੇਰੇ ਪਾਏ॥
ਪੰਜ-ਪੰਜ ਸਿੰਘ ਨਿਕਲਦੇ ਬਾਹਰ ਗੜ੍ਹੀ ਚੋਂ ਲੜ੍ਹਨ ਲਈ, ਬਈ ਸ਼ਾਵਾ,
ਪੰਜਾਂ-ਪੰਜਾਂ ਨੇ ਕਈ ਵਾਰੀ ਮੁਗਲ ਭਜਾਏ॥
ਅੰਦਰੋਂ ਸਤਿਗੁਰ ਕਰਦੇ ਮੌਤ ਦੀ ਵਰਖਾ ਤੀਰਾਂ ਨਾਲ, ਮੈਂ ਸਦਕੇ,
ਡਰਦਾ ਗੜ੍ਹੀ ਦੇ ਨੇੜੇ ਮੁਗਲ ਕੋਈ ਨਾ ਜਾਵੇ॥

ਲੌਢ੍ਹੇ ਵੇਲੇ ਰਹਿ ਗਏ ਵੀਹ ਕੁ ਸਿੰਘ ਗੜ੍ਹੀ ਦੇ ਵਿਚ ਜਦ ਸਾਰੇ,
ਸਿੰਘਾਂ ਆ ਕੇ ਦਸਮ ਪਿਤਾ ਨੂੰ ਅਰਜ਼ ਗੁਜ਼ਾਰੀ॥
"ਲੈ ਕੇ ਦੋਵੇਂ ਸਾਹਿਬਜ਼ਾਦੇ ਇੱਥੋਂ ਨਿਕਲ ਤੁਰੋ ਸਤਿਗੁਰ ਜੀ,
ਆਈ ਸਿੱਖ ਪੰਥ ਦੇ ਉੱਤੇ ਬਿਪਤਾ ਭਾਰੀ"॥
ਸਤਿਗੁਰ ਬੋਲੇ, "ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕੀਤੀ ਸਿੰਘੋ?
ਮੈਨੂੰ ਹਰ ਸਿੰਘ ਦੀ ਜਿੰਦ ਪੁੱਤੋਂ ਵੱਧ ਪਿਆਰੀ"॥
ਕਿਸ ਦਿਨ ਅਸੀਂ ਨਹੀਂ ਸੀ ਸਮਝਿਆ ਪੁੱਤਰ ਸਿੰਘਾਂ ਨੂੰ, ਬਈ ਦੱਸੋ,
ਇਹ ਗਲ ਵਿਤਕਰਿਆਂ ਦੀ ਕਿੱਦਾਂ ਤੁਸਾਂ ਚਿਤਾਰੀ?"

ਉਹਨਾਂ ਝੱਟ ਬੁਲਾਇਆ ਆਪਣੇ ਕੋਲ ਅਜੀਤ ਸਿੰਘ ਨੂੰ, ਸਦਕੇ,
ਕਹਿੰਦੇ,"ਬੇਟਾ ਚੱਲੋ ਆਪਣੇ ਹੱਥ ਦਿਖਾਓ॥
ਇਹ ਤਾਂ ਜਿਸਮ ਪ੍ਰਭੂ ਨੇ ਦਿੱਤੇ, ਜ਼ਾਲਿਮ ਸੋਧਣ ਦੇ ਲਈ ਬੇਟਾ,
ਵੈਰੀ ਮਾਰੋ, ਦੇਹੀ ਧਰਮ ਦੇ ਲੇਖੇ ਲਾਓ॥"
ਅੱਗੋਂ ਸਾਹਿਬਜ਼ਾਦੇ ਚਰਨਾਂ ਨੂੰ ਹੱਥ ਲਾਇਆ ਸਤਿਗੁਰ ਜੀ ਦੇ,
ਕਹਿੰਦੈ, "ਗੁਰੂ ਪਿਤਾ ਜੀ ਏਹੀ ਕਰਮ ਕਮਾਓ॥
ਤੁਹਾਡੀਆਂ ਨਜ਼ਰਾਂ ਦੇ ਅੱਗੇ ਹੀ ਜੰਗ 'ਚ ਜੂਝ ਮਰਾਂ, ਮੈ ਸਦਕੇ,
ਮੇਰੇ ਦਿਲ ਵਿਚ ਡਾਢਾ ਰਣ ਜੂਝਣ ਦਾ ਚਾਉ॥"

ਨਿਕਲੇ ਪੰਜ ਸਿੰਘ ਲੈ ਬਾਹਰ ਗੜ੍ਹੀ ਚੋਂ, ਜਦ ਅਜੀਤ ਸਿੰਘ ਸੂਰੇ,
ਪੈਂਦੀ ਸੱਟੇ ਨਾਹਰ ਸਿੰਘ ਨੂੰ ਉਹ ਲਲਕਾਰੇ॥
"ਅੱਜ ਤੂੰ ਵੇਖ ਸਿੰਘ ਦੇ ਹੱਥ ਜ਼ਾਲਿਮਾ, ਆ ਜਾ ਮੇਰੇ ਸਾਹਵੇਂ,
ਨਾਲੇ ਲੈ ਆ ਆਪਣੇ ਗਾਜ਼ੀ ਵੱਡੇ ਭਾਰੇ॥"
ਏਦਾਂ ਤੀਰ ਵਰ੍ਹਾਵੇ ਬਾਲਕ, ਜਿੱਦਾਂ ਸਾਵਣ ਵਿਚ ਮੀਂਹ ਵਰ੍ਹਦੈ,
"ਮਾਰੇ ਗਏ ਅਜ,ਅੱਲਾ ਅੱਲਾ," ਮੁਗਲ ਪੁਕਾਰੇ॥
ਤੀਰਾਂ ਮਗਰੋਂ ਵਾਰੀ ਆਈ 'ਸੰਧੂ' ਨੇਜੇ ਦੀ, ਬਈ ਛਾਵਾ,
ਸਣੇ ਸੰਜੋਆਂ ਵੈਰੀ ਵਿੰਨ੍ਹ ਵਿੰਨ੍ਹ ਕੇ ਮਾਰੇ॥

ਨੇਜਾ ਟੁੱਟ ਗਿਆ ਤਾਂ ਫੜ੍ਹ ਤਲਵਾਰ ਨੂੰ, ਗਲ਼ ਪਏ ਗਏ ਵੈਰੀ ਦੇ,
ਗਾਟੇ ਵੱਢ-ਵੱਢ ਕੇ ਸੁੱਟੇ, ਅਲਖ ਮੁਕਾਈ॥
ਘੋੜਾ ਡਿੱਗ ਪਿਆ ਤਾਂ ਪੈਦਲ ਹੀ ਵੈਰੀ ਦਲ ਦੇ ਵਿਚ ਵੜ ਗਏ,
ਜ਼ਾਲਿਮ-ਟੋਲੇ ਦੇ ਵਿਚ ਵੜਕੇ ਭਾਜੜ ਪਾਈ॥
ਆਖ਼ਿਰ ਮਾਰ ਹਜ਼ਾਰਾਂ ਦੁਸ਼ਮਣ, ਆਪ ਆਕਾਲ ਚਲਾਣਾ ਕੀਤਾ,
ਸਿੰਘਾਂ ਰਣ ਤੱਤੇ ਦੇ ਵਿਚ ਸ਼ਹੀਦੀ ਪਾਈ॥
ਜਿਹਨਾਂ ਦੇਸ਼ ਧਰਮ ਤੋਂ ਵਾਰੀਆਂ ਆਪਣੀਆਂ ਪਿਆਰੀਆਂ-ਪਿਆਰੀਆਂ ਜਿੰਦਾਂ,
'ਸੰਧੂ' ਧੰਨ ਸਿੰਘ, ਉਹਨਾਂ ਦੀ ਧੰਨ ਕਮਾਈ॥

•

ਸੰਧੂ ਧੰਨ ਸਿੰਘ, ਉਹਨਾਂ ਦੀ ਧੰਨ ਕਮਾਈ। ਸੱਚ-ਮੁੱਚ ਧੰਨ ਹੈ ਕਮਾਈ ਮੇਰੇ ਕਲਗੀਧਰ ਪਿਤਾ ਦੇ ਸਾਜੇ-ਨਿਵਾਜ਼ੇ ਸਿੰਘਾਂ-ਸਰਦਾਰਾਂ ਦੀ। ਐਵੇਂ ਤਾਂ ਨਹੀਂ ਖ਼ਾਲਸਾ ਹਰ ਅਰਦਾਸ ਵਿੱਚ ਉਹਨਾਂ ਦੀ ਕਮਾਈ ਨੂੰ ਯਾਦ ਕਰਦਾ, ਅਖੇ, "ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਚਾਲੀਆਂ-ਮੁਕਤਿਆਂ, ਹਠੀਆਂ ਜਪੀਆਂ ਤਪੀਆਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ!

ਬੋਲੋ ਜੀ, ਵਾਹਿਗੁਰੂ!!

ਅਠਾਰਾਂ ਸਾਲਾਂ ਦੀ ਛੋਟੀ ਜਿਹਾ ਉਮਰ ਦੇ ਧੰਨ-ਧੰਨ ਬਾਬਾ ਅਜੀਤ ਸਿੰਘ ਜੀ ਜਦੋਂ ਰਣ ਵਿੱਚ ਸ਼ਹੀਦੀ ਪਾ ਗਏ ਤਾਂ ਉਹਨਾਂ ਦੇ ਛੋਟੇ ਭਰਾ, ਕੇਵਲ ਪੰਦਰਾਂ ਸਾਲਾਂ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਲਲਕਾਰਾ ਮਾਰਿਆ, "ਠਹਿਰੀਂ ਵੀਰਾ, ਮੈਂ ਵੀ ਆਇਆ!" ਗੁਰੂ-ਪਿਤਾ ਜੀ ਤੋਂ ਇਜਾਜ਼ਤ ਲਈ ਤੇ ਜੂਝ ਗਏ ਜੁਝਾਰ ਸਿੰਘ ਜੁਝਾਰਾਂ ਵਾਂਗ!

ਕਿੰਜ ਜੂਝੇ? ਆਉ ਸੁਣੀਏ 'ਨਵਦੀਪ ਮਾਡਲ ਸਕੂਲ ਦਕੋਹੇ' ਦੇ ਬੱਚਿਆਂ ਕੋਲੋਂ:—

## ਵਾਰ ਬਾਬਾ ਜੁਝਾਰ ਸਿੰਘ ਜੀ ਦੀ

ਜਦ ਸੀ ਬਾਹਰ ਗੜ੍ਹੀ ਚਮਕੌਰ ਦੇ,
ਗਏ ਅਜੀਤ ਸ਼ਹੀਦੀ ਪਾ॥
ਓਦੋਂ ਛੋਟੇ ਵੀਰ ਜੁਝਾਰ ਨੇ,
ਕਿਹਾ ਉੱਚੀ 'ਵਾਜ ਲਗਾ॥

"ਵੀਰਾਂ ਠਹਿਰੀਂ ਮੈਂ ਵੀ ਆ ਗਿਆ,
ਵੱਖ ਹੋਣ ਨਾ ਕਦੀ ਭਰਾ॥
ਜੀ, ਅਜ ਪੁੱਤ ਗੁਰੂ ਦਸਮੇਸ਼ ਦੇ,
ਸਭ ਕਰਜ਼ੇ ਜਾਣ ਚੁਕਾ॥

ਫਿਰ ਉਸ ਗੁਰੂ ਪਿਤਾ ਦੇ ਕੋਲ ਜਾ,
ਚਰਨਾਂ ਤੇ ਨਿਵਾਇਆ ਸੀਸ॥
ਮੈਨੂੰ ਦਿਉ ਪਿਤਾ ਜੀ ਥਾਪੜਾ,
ਮੈਨੂੰ ਦੇਵੋ ਅੱਜ ਅਸੀਸ॥
ਅਜ ਮੈਂ ਵੀਰ ਦਾ ਬਦਲਾ ਲੈ ਲਵਾਂ,
ਮੇਰੇ ਦਿਲ 'ਚੋਂ ਉੱਠਦੀ ਚੀਸ॥
ਅਜ ਮੈਂ ਵੈਰੀ ਵੱਢ-ਵੱਢ ਵੈਰੀ ਸੱਟ ਦਾਂ,
ਵੱਡੇ ਵੀਰ ਦੀ ਕਰਕੇ ਰੀਸ॥

ਲੈ ਕੇ ਥਾਪੜਾ ਗੁਰੂ ਦਸਮੇਸ਼ ਤੋਂ,
ਫਿਰ ਆਇਆ ਬਾਹਰ ਜੁਝਾਰ॥
ਉਹਨੇ ਤੀਰ ਚਲਾਏ ਗਜ਼ਬ ਦੇ,
ਜਿਉਂ ਪਏ ਗੜ੍ਹਿਆਂ ਦੀ ਮਾਰ॥
ਉਹਨੇ ਵੱਢ-ਵੱਢ ਕੀਤੇ ਡੱਕਰੇ,
ਕਈ ਬੜੇ ਬੜੇ ਬਲਕਾਰ॥
ਸਾਰੇ ਤੌਬਾ ਤੌਬਾ ਕਰਨ ਪਏ,
ਉਹਦੀ ਚਲਦੀ ਵੇਖ ਤਲਵਾਰ॥

ਤੱਕ ਕੱਲੇ ਸਿੰਘ ਜੁਝਾਰ ਨੂੰ,
ਲਿਆ ਵੈਰੀਆਂ ਘੇਰਾ ਪਾ॥
ਉਹ ਤਾਂ ਵਾਰ ਕਰਨ ਅਜ.ਗੈਬ ਦੇ,
ਅੱਗੋਂ ਸਿੰਘ ਰਿਹੈ ਟਕਰਾ॥
ਉਹ ਤਾਂ ਵਾਰ ਬਚਾਕੇ ਅੱਥਰੇ,
ਫਿਰ ਦੇਵੇ ਆਪ ਟਿਕਾ॥
ਉਹ ਤਾਂ 'ਕੱਲਾ ਬੱਚਾ ਸ਼ੇਰ ਦਾ,
ਤੇ ਦੁਸ਼ਮਣ ਬੇ-ਬਹਾ॥

ਦੂਰੋਂ ਵੇਖਿਆ ਗੁਰੂ ਦਸਮੇਸ਼ ਨੇ,
ਜਦ ਘੇਰੇ ਵਿੱਚ ਜੁਝਾਰ॥
ਅਜ ਨਾ ਲੜਨ ਬਿਨਾਂ ਹੀ ਬਾਲਕਾ,
ਖਾ ਜਾਏ ਕਿਧਰੇ ਮਾਰ॥

ਉਹਦੇ ਤੀਰਾਂ ਲਾਈਆਂ ਛਹਿਬਰਾਂ,
ਉਹਨੇ ਵੈਰੀ ਦਿੱਤੇ ਖਿਲਾਰ॥
ਫਿਰ ਤੀਰਾਂ ਦੀ ਛਾਂ 'ਚ ਜੁਝਾਰ ਨੇ,
ਦਿੱਤੇ ਹੱਥ ਵਿਖਾ ਇਕ ਵਾਰ॥

ਉਹਦਾ ਖੜ-ਖੜ ਖੰਡਾ ਖੜਕਦਾ,
ਜਿਹੜਾ ਧੜ-ਧੜ ਦਵੇ ਉਡਾ॥
ਉਹਨੇ ਚੜ੍ਹ-ਚੜ੍ਹ ਆਉਂਦੇ ਸੂਰਮੇ,
ਦਿੱਤੇ ਪਲ਼-ਪਲ਼ ਵਿੱਚ ਵਿਛਾ॥
ਉਹਨੇ ਰੀਝਾਂ ਕੀਤੀਆਂ ਪੂਰੀਆਂ,
ਉਹਨੇ ਲਾਹ ਲਏ ਸਾਰੇ ਚਾ॥
ਜਦ ਸੂਰਜ ਡੁੱਬਣ ਲੱਗਿਆ,
ਗਿਆ ਸਿੰਘ ਸ਼ਹੀਦੀ ਪਾ॥

•

ਦਿਨ ਛਿਪੇ ਯੁੱਧ ਬੰਦ ਹੋਇਆ। ਸਾਹਿਬਜ਼ਾਦਿਆਂ ਸਮੇਤ ਬਹੁਤੇ ਸਿੰਘ ਸ਼ਹੀਦ ਹੋ ਚੁੱਕੇ ਸਨ। ਗੁਰੂ-ਖ਼ਾਲਸਾ ਜੀ ਦੇ ਹੁਕਮ ਨੂੰ ਮੰਨਦੇ ਹੋਏ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਇਹ ਐਲਾਨ ਕਰਦੇ ਹੋਏ ਵੈਰੀ-ਦਲਾਂ ਨੂੰ ਚੀਰਦੇ ਹੋਏ ਨਿਕਲ ਗਏ ਕਿ, "ਚੱਲਿਆ ਜੇ ਹਿੰਦ ਦਾ ਪੀਰ।"

ਪਿੱਛੇ ਰਹਿੰਦੇ ਸਿੰਘਾਂ ਨੇ ਅਗਲੇ ਦਿਨ ਦੇ ਯੁੱਧ ਵਿੱਚ ਸ਼ੇਰਾਂ ਵਾਂਗ ਜੂਝਦਿਆਂ ਸ਼ਹੀਦੀਆਂ ਪਾਈਆਂ। ਜਿੱਤ ਖ਼ਾਲਸੇ ਦੀ ਹੋਈ। ਔਰੰਗਜ਼ੇਬ ਨੂੰ ਲਿਖੀ ਚਿੱਠੀ 'ਜ਼ਫ਼ਰਨਾਮਾ' (ਫ਼ਤਿਹ ਦੀ ਚਿੱਠੀ) ਵਿੱਚ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ, "ਐ ਔਰੰਗਜ਼ੇਬ! ਤੂੰ ਇਖ਼ਲਾਕੀ ਤੌਰ 'ਤੇ ਹਾਰ ਗਿਆ ਹੈਂ।" ਤੇ ਜਿਹੜਾ ਆਪਣਾ ਇਖ਼ਲਾਕ ਹੀ ਹਾਰ ਜਾਵੇ ਤਾਂ ਉਸ ਕੋਲ ਹੋਰ ਰਹਿ ਵੀ ਕੀ ਜਾਂਦਾ ਹੈ?

ਉਧਰ ਸਰਸਾ ਨਦੀ ਪਾਰ ਕਰਦਿਆਂ ਗੁਰੂ-ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਜੀ ਪਰਿਵਾਰ ਨਾਲੋਂ ਤੇ ਸਿੰਘਾਂ ਨਾਲੋਂ ਵਿੱਛੜਕੇ ਗੁਰੂ-ਘਰ ਦੇ ਰਸੋਈਏ ਹਰਾਮਖ਼ੋਰ ਗੰਗੂ ਬ੍ਰਹਿਮਣ ਦੇ ਹੱਥੀਂ ਚੜ੍ਹ ਗਏ। ਉਸ ਅਕ੍ਰਿਤਘਣ ਨੇ ਮਾਤਾ ਜੀ ਦੀ ਮਾਇਆ ਵੀ ਚੋਰੀ ਕਰ ਲਈ ਤੇ ਉਹਨਾਂ ਸਹਿਬਜ਼ਾਦਿਆਂ ਸਮੇਤ ਸਰਹੰਦ ਦੇ ਸੂਬੇਦਾਰ ਦੇ ਵੀ ਹਵਾਲੇ ਕਰ ਦਿੱਤਾ।

ਪੋਹ ਮਹੀਨੇ ਦੀਆਂ ਕੱਕਰ-ਭੰਨੀਆਂ ਰਾਤਾਂ ਵਿੱਚ ਠੰਡੇ ਬੁਰਜ ਵਿੱਚ ਕੈਦ ਰੱਖਕੇ ਛੇ ਅਤੇ ਅੱਠ ਸਾਲਾਂ ਦੇ ਮਾਸੂਮ ਬੱਚਿਆਂ ਨੂੰ ਜਦੋਂ ਸੂਬੇਦਾਰ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ ਤਾਂ ਉਹਨਾਂ ਨੇ ਉੱਥੇ ਉਹ ਧਰਮ ਪ੍ਰਤੀ ਅਡੋਲਤਾ ਤੇ ਦ੍ਰਿੜਤਾ ਵਿਖਾਈ ਕਿ ਦੁਸ਼ਮਣ ਵੀ ਦੰਗ ਰਹਿ ਗਏ। ਇੱਕ ਪਾਸੇ 8 ਅਤੇ 6 ਸਾਲਾਂ ਦੇ ਮਾਸੂਮ ਬੱਚੇ ਤੇ ਦੂਜੇ ਪਾਸੇ ਖੁੰਢ-ਸਿਆਸਤਦਾਨ, ਪੱਥਰ-ਦਿਲ ਜਾਬਰ ਜਿਸ ਦੇ ਪਿੱਠ 'ਤੇ ਸਾਰੇ ਹਿੰਦੋਸਤਾਨ ਦੀ ਸਲਤਨਤ ਦਾ ਜ਼ੋਰ ਸੀ। ਪਰ ਵੇਖੋ, ਮੇਰੇ ਕਲਗੀਧਰ ਦੇ ਜਿਗਰ ਦੇ ਟੋਟੇ ਕਿਸ ਹੌਸਲੇ ਨਾਲ ਆਪਣੇ ਧਰਮ 'ਤੇ ਕਾਇਮ ਰਹਿਣ ਵਾਸਤੇ ਦ੍ਰਿੜਤਾ ਵਿਖਾਉਂਦੇ ਹਨ।

ਆਉ ਸੁਣੀਏ ਸੂਬੇਦਾਰ ਨਾਲ ਉਹਨਾਂ ਦੇ ਸਵਾਲ-ਜਵਾਬ:

## ਸੂਬੇਦਾਰ-ਸਿਰਹੰਦ ’ਤੇ ਛੋਟੇ ਸਾਹਿਜ਼ਾਦਿਆਂ ਦੇ ਸੁਆਲ-ਜੁਆਬ

**ਸੂਬੇਦਾਰ :-**
ਦੀਨ ਵਿਚ ਆਵੋ, ਜ਼ਿੰਦਗੀ ਦੇ ਸੁੱਖ ਪਾਵੋ ਚੰਨਾ,
ਵੱਡਿਆਂ ਦੇ ਅੱਗੇ ਸਿਰ ਨਹੀਂ ਅੜਾਈਦਾ,
ਬਈ ਮਾਰੂੰ ਚੀਰ ਚੀਰ,
ਚੀਰ ਚੀਰ,ਜਿੱਦਾਂ ਬੱਕਰਾ ਕਸਾਈ ਦਾ,
ਬਈ ਮਾਰੂੰ ਚੀਰ ਚੀਰ ॥

**ਸਾਹਿਬਜ਼ਾਦੇ :-**
ਝੂਠਿਆਂ ਦੇ ਚੱਟਦਾ ਏਂ ਪੈਰ ਸਦਾ ਝੂਠਿਆ ਉਏ,
ਸੱਚਿਆਂ ਦੀ ਗੱਲ ਵੀ ਨਹੀਂ ਸਹਾਰਦਾ,
ਬਈ ਪੈਣੀ ਮਾਰ ਤੈਨੂੰ,
ਮਾਰ ਤੈਨੂੰ, ਕਾਲ ਤੈਨੂੰ ਵਾਜਾਂ ਮਾਰਦਾ,
ਬਈ ਪੈਣੀ ਮਾਰ ਤੈਨੂੰ ॥

**ਸੂਬੇਦਾਰ :-**
ਛੱਡੋ ਸਿੱਖੀ ਅਤੇ ਇਸਲਾਮ ਅਪਨਾ ਲਵੋ ॥
ਦੇਊਂਗਾ ਜਗੀਰਾਂ ਚੰਨਾ, ਜ਼ਿੰਦਗੀ ਬਣਾ ਲਵੋ ॥
ਕਰੋ ਇਤਬਾਰ ਮੇਰੀ ਗੱਲ ਉੱਤੇ, ਹਰ ਵੇਲੇ
ਲਾਭ ਵਾਲੇ ਸੌਦਿਆਂ ਨੂੰ ਹੱਥ ਪਾਈਦਾ ॥
ਬਈ ਮਾਰੂੰ ਚੀਰ ਚੀਰ,
ਚੀਰ ਚੀਰ,ਜਿੱਦਾਂ ਬੱਕਰਾ ਕਸਾਈ ਦਾ,
ਬਈ ਮਾਰੂੰ ਚੀਰ ਚੀਰ ॥

**ਸਾਹਿਬਜ਼ਾਦੇ :-**
ਵੇਖਣੇ ਨੂੰ ਭਾਵੇਂ ਅਸੀ ਛੋਟੇ ਛੋਟੇ ਬੱਚੇ ਹਾਂ ॥
ਤੇਰੇ ਨਾਲੋਂ ਸੂਬਿਆ ਈਮਾਨ ਵਿਚ ਪੱਕੇ ਹਾਂ ॥
ਤੇਰਾ ਇਤਬਾਰ ਤਾ ਆਨੰਦਪੁਰ ਵੇਖਿਆ ਸੀ,
ਖਾ ਕੇ ਸੌਂਹਾਂ ਝੱਟ ਪੱਟ ਤੂੰ ਵਿਸਾਰਦਾ,
ਬਈ ਪੈਣੀ ਮਾਰ ਤੈਨੂੰ,
ਮਾਰ ਤੈਨੂੰ, ਕਾਲ ਤੈਨੂੰ ਵਾਜਾਂ ਮਾਰਦਾ,
ਬਈ ਪੈਣੀ ਮਾਰ ਤੈਨੂੰ ॥

**ਸੂਬੇਦਾਰ :-**
ਬਾਪ ਤਾ ਤੁਹਾਡਾ ਮੈਂ ਮਦਾਨ ਵਿਚ ਮਾਰਿਆ ॥
ਵੱਡਿਆਂ ਭਰਾਵਾਂ ਇੱਕ ਹੱਲਾ ਨਾ ਸਹਾਰਿਆ ॥
ਹੋ ਗਏ ਅਨਾਥ ਤੁਸੀਂ,ਆਉਂਦਾ ਤਰਸ ਮੈਨੂੰ,
ਫਾਇਦਾ ਉਠਾਓ ਮੇਰੀ ਨਰਮਾਈ ਦਾ
ਬਈ ਮਾਰੂੰ ਚੀਰ ਚੀਰ,
ਚੀਰ ਚੀਰ,ਜਿੱਦਾਂ ਬੱਕਰਾ ਕਸਾਈ ਦਾ,
ਬਈ ਮਾਰੂੰ ਚੀਰ ਚੀਰ ॥

**ਸਾਹਿਬਜ਼ਾਦੇ :-** ਸਾਡਾ ਅੰਗ ਸਾਕ ਬੱਸ ਪੁਰਖ ਆਕਾਲ ਹੈ ॥
ਉਹਦੇ ਅੱਗੇ ਸੂਬੇਦਾਰਾ,ਤੇਰੀ ਕੀ ਮਜ਼ਾਲ ਹੈ ?
ਗਲੀਆਂ 'ਚ ਤੈਨੂੰ ਧੂਹਦੇ ਫਿਰਨਾ ਹੈ ਖਾਲਸੇ ਨੇ,
ਵੇਖੀ ਹੱਥ ਖਾਲਸੇ ਦੀ ਤਲਵਾਰ ਦਾ,
ਬਈ ਪੈਣੀ ਮਾਰ ਤੈਨੂੰ,
ਮਾਰ ਤੈਨੂੰ, ਕਾਲ ਤੈਨੂੰ ਵਾਜਾਂ ਮਾਰਦਾ,
ਬਈ ਪੈਣੀ ਮਾਰ ਤੈਨੂੰ ॥

**ਸੂਬੇਦਾਰ :-** ਨਾਗ ਦਿਆਂ ਬੱਚਿਆਂ ਨੂੰ ਸਬਕ ਸਿਖਾਊਂਗਾ ॥
ਨੀਹਾਂ 'ਚ ਚਿਣਾਕੇ ਫਿਰ ਕਤਲ ਕਰਾਊਂਗਾ ॥
ਵੇਖੂੰਗਾ ਬਚਾਉਂਣ ਕਿੱਥੋ ਆਉਂਦਾ ਹੈ ਗੋਬਿੰਦ ਸਿੰਘ
ਪਤਾ ਲੱਗ ਜਾਊ ਸਾਰੀ ਚਤੁਰਾਈ ਦਾ,
ਬਈ ਮਾਰੂੰ ਚੀਰ ਚੀਰ,
ਚੀਰ ਚੀਰ,ਜਿਦਾਂ ਬੱਕਰਾ ਕਸਾਈ ਦਾ,
ਬਈ ਮਾਰੂੰ ਚੀਰ ਚੀਰ ॥

**ਸਾਹਿਬਜ਼ਾਦੇ :-** ਨੀਹਾਂ 'ਚ ਚਿਣਾਕੇ ਭਾਵੇਂ ਕਤਲ ਕਰਾ ਲੈ ਤੂੰ ॥
ਸਾਰੇ ਹੀ ਜ਼ੁਲਮ ਸਾਡੇ ਉੱਤੇ ਅਜਮਾ ਲੈ ਤੂੰ ॥
'ਸੰਧੂ' ਕੋਲੋ ਪੁੱਛ ਸਿੰਘ ਡੋਲਣਾ ਨਾ ਜਾਣਦੇ ਨੇ,
ਭਾਣਾ ਮਿੱਠਾ ਮੰਨਦੇ ਨੇ ਕਰਤਾਰ ਦਾ,
ਬਈ ਪੈਣੀ ਮਾਰ ਤੈਨੂੰ,
ਮਾਰ ਤੈਨੂੰ, ਕਾਲ ਤੈਨੂੰ ਵਾਜਾਂ ਮਾਰਦਾ,
ਬਈ ਪੈਣੀ ਮਾਰ ਤੈਨੂੰ ॥

●

ਐਸੇ ਸਨ ਮੇਰੇ ਕਲਗੀਧਰ ਦੇ ਲਾਲ! ਨੀਹਾਂ ਵਿੱਚ ਚਿਣੇ ਗਏ, ਸ਼ਹੀਦੀਆਂ ਪਾ ਲਈਆਂ ਪਰ ਧਰਮ ਦੇ ਝੰਡੇ ਬੁਲੰਦ ਰੱਖੇ। ਤੇ ਖ਼ਾਲਸਾ ਜੀ! ਇਹ ਗੱਲ ਤਾਂ ਯਕੀਨੀ ਸੀ ਕਿ ਜੇ ਔਰੰਗਜ਼ੇਬ ਦੇ ਜ਼ੁਲਮ ਦੇ ਇਸ ਤੂਫ਼ਾਨ ਦੇ ਸਾਹਮਣੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਉਹਨਾਂ ਦੇ ਸਾਹਿਬਜ਼ਾਦੇ ਤੇ ਉਹਨਾਂ ਦੇ ਸਿੰਘ ਲੋਹੇ ਦੀ ਦੀਵਾਰ ਬਣ ਕੇ ਨਾ ਖਲੋ ਜਾਂਦੇ ਤਾਂ ਉਦੋਂ ਹੀ ਸਾਰਾ ਹਿੰਦੋਸਤਾਨ ਇਸਲਾਮ ਦੇ ਹਰੇ ਰੰਗ ਰੰਗਿਆ ਜਾਣਾ ਸੀ। ਅੱਜ ਸਾਰਾ ਭਾਰਤ ਮੁਸਲਮਾਨ ਹੁੰਦਾ। ਇਸੇ ਸੱਚ ਦਾ ਪ੍ਰਗਟਾਵਾ ਮੁਸਲਮਾਨ ਸੂਫ਼ੀ ਫ਼ਕੀਰ ਬਾਬਾ ਬੁੱਲ੍ਹੇ ਸ਼ਾਹ ਆਪਣੀ ਕਲਮ ਤੋਂ ਇੰਜ ਕਰਦਾ ਹੈ-

ਨ ਕਹੂੰ ਜਬ ਕੀ, ਨ ਕਹੂੰ ਅਬ ਕੀ,
ਬਾਤ ਕਹੂੰ ਮੈਂ ਤਬ ਕੀ।
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ,
ਤੋ ਸੁੰਨਤ ਹੋਤੇ ਸਭ ਕੀ।

ਸਾਧ ਸੰਗਤ ਜੀ! ਇਹ ਸਿੱਖੀ ਸ਼ਾਨਾਂ, ਇਹ ਝੰਡੇ-ਬੁੰਗੇ, ਜੋ ਜੁਗੋ-ਜੁੱਗ ਅਟੱਲ ਹਨ, ਇਹ ਸਭ ਮੇਰੇ ਦਸਮੇਸ਼ ਪਿਤਾ ਜੀ ਦੀ ਹੀ ਦ੍ਰਿੜਤਾ ਤੇ ਕੁਰਬਾਨੀ ਦੀ ਦੇਣ ਹਨ। ਅਸੀਂ ਤਾਂ ਉਹਨਾਂ ਤੋਂ ਲੱਖ-ਲੱਖ ਵਾਰੀ ਵੀ ਵਾਰੇ ਜਾਈਏ ਤਾਂ ਘੱਟ ਹੈ। ਆਉ ਇਸੇ ਆਸ਼ੇ ਦਾ ਹੀ ਇੱਕ ਗੀਤ ਸੁਣੀਏ-

## ਝੰਡੇ-ਬੁੰਗੇ ਜੁਗੋ-ਜੁਗ ਅਟੱਲ

ਜੇ ਕਲਗੀਧਰ ਕਲਯੁਗ ਦੇ ਵਿਚ ਫੇਰਾ ਪਾਉਂਦੇ ਨਾ॥
ਤਾਂ 'ਸੰਧੂ' ਇਹ ਝੰਡੇ ਬੁੰਗੇ ਨਜ਼ਰੀਂ ਆਉਂਦੇ ਨਾ॥

ਗ਼ੈਰ-ਧਰਮ ਲਈ ਦਸਮ ਪਿਤਾ ਨੇ ਬਾਪ ਵਾਰਿਆ ਸੀ॥
ਜ਼ਾਲਿਮ ਦੀ ਤਾਕਤ ਨੂੰ ਦਿੱਲੀ ਵਿਚ ਵੰਗਾਰਿਆ ਸੀ॥
ਸੀਸ ਨੂੰ ਉੱਚਾ ਰੱਖਣ ਲਈ ਜੇ ਸੀਸ ਕਟਾਉਂਦੇ ਨਾ॥
ਤਾਂ 'ਸੰਧੂ' ਇਹ ਝੰਡੇ ਬੁੰਗੇ ਨਜ਼ਰੀਂ ਆਉਂਦੇ ਨਾ॥

ਸੀਸ ਮੰਗਕੇ ਜਦ ਸਤਿਗੁਰ ਨੇ ਸਿੱਖ ਅਜਮਾਏ ਸੀ॥
ਸਿਰ ਦੀ ਭੇਟਾ ਲੈਕੇ ਫਿਰ ਸਰਦਾਰ ਬਣਾਏ ਸੀ॥
ਐਸੇ ਇਮਤਿਹਾਨ ਦੇ ਜੇ ਕਰ ਪਰਚੇ ਪਾਉਂਦੇ ਨਾ॥
ਤਾਂ 'ਸੰਧੂ' ਇਹ ਝੰਡੇ ਬੁੰਗੇ ਨਜ਼ਰੀਂ ਆਉਂਦੇ ਨਾ॥

ਨਿੱਕੇ ਨਿੱਕੇ ਛੋਟੇ ਛੋਟੇ ਬਾਲ ਪਿਆਰੇ ਸੀ॥
ਜਾ ਸਰਹੰਦ ਦੇ ਸੂਬੇ ਅੱਗੇ ਉਹ ਲਲਕਾਰੇ ਸੀ॥
ਜੇ ਨੀਹਾਂ ਵਿਚ ਖੜ੍ਹਕੇ ਸਿੱਖੀ-ਮਹਿਲ ਬਣਾਉਂਦੇ ਨਾ॥
ਤਾਂ 'ਸੰਧੂ' ਇਹ ਝੰਡੇ ਬੁੰਗੇ ਨਜ਼ਰੀਂ ਆਉਂਦੇ ਨਾ॥

ਵੈਰੀ ਲੱਖਾਂ ਦੀ ਗਿਣਤੀ ਵਿਚ ਬਾਲ ਇਞਾਣੇ ਦੋ॥
ਸੈਂਕੜਿਆਂ ਨੂੰ ਕੱਟ ਕੇ ਡਿੱਗੇ ਭੁੱਖਣ ਭਾਣੇ ਦੋ॥
ਸਵਾ ਲੱਖ ਦੇ ਨਾਲ ਖ਼ਾਲਸਾ ਇੱਕ ਲੜਾਉਂਦੇ ਨਾ॥
ਤਾਂ 'ਸੰਧੂ' ਇਹ ਝੰਡੇ ਬੁੰਗੇ ਨਜ਼ਰੀਂ ਆਉਂਦੇ ਨਾ॥

ਪਿਤਾ ਵਾਰਿਆ, ਮਾਤਾ ਵਾਰੀ, ਪੁੱਤਰ ਵਾਰੇ ਸੀ॥
ਧੰਨ-ਧੰਨ ਕਲਗੀਆਂ ਵਾਲਿਆ, ਤੇਰੇ ਚੋਜ ਨਿਆਰੇ ਸੀ॥
ਪਰਵਾਰਾਂ ਦੇ ਦਾਨੀ ਜੇ ਪਰਵਾਰ ਲਟਾਉਂਦੇ ਨਾ॥
ਤਾਂ 'ਸੰਧੂ' ਇਹ ਝੰਡੇ ਬੁੰਗੇ ਨਜ਼ਰੀਂ ਆਉਂਦੇ ਨਾ॥

ਮੇਰੇ ਬਾਜਾਂ ਵਾਲੇ ਨੇ ਜਦ ਪੰਥ ਸਜਾਇਆ ਸੀ॥
ਹੱਕ-ਸੱਚ ਲਈ ਮਰ ਮਿਟਣਾ, ਉਹਨਾਂ ਸਮਝਾਇਆ ਸੀ॥
ਪਰ ਜੇ ਕਹਿਣੀ ਕਰਨੀ ਕਰਕੇ ਆਪ ਵਖਾਉਂਦੇ ਨਾ॥
ਤਾਂ 'ਸੰਧੂ' ਇਹ ਝੰਡੇ ਬੁੰਗੇ ਨਜ਼ਰੀਂ ਆਉਂਦੇ ਨਾ॥

ਦੁਨੀਆਂ ਦੇ ਦੁੱਖ ਹਰਨ ਲਈ ਦੁੱਖ ਜਰਨਾ ਪੈਂਦਾ ਹੈ॥
ਅਣਖ ਭਰੇ ਜੀਵਨ ਦੀ ਖ਼ਾਤਿਰ ਮਰਨਾ ਪੈਂਦਾ ਹੈ॥
ਗੋਬਿੰਦ ਪਿਆਰੇ ਸਾਡੇ ਲਈ ਜੇ ਦੁੱਖ ਉਠਾਉਂਦੇ ਨਾ॥
ਤਾਂ 'ਸੰਧੂ' ਇਹ ਝੰਡੇ ਬੁੰਗੇ ਨਜ਼ਰੀਂ ਆਉਂਦੇ ਨਾ॥

•

ਅੱਜ ਕਲਗੀਧਰ ਪਿਤਾ ਜੀ ਦੇ ਜਨਮ-ਪੁਰਬ ਮਨਾਉਂਦਿਆਂ ਹੋਇਆਂ ਮੇਰਾ ਜੀ ਕਰਦਾ ਹੈ ਅਕਲਾਪੁਰਖ ਦੇ ਹੁਕਮ ਨੂੰ ਸਿਰ-ਮੱਥੇ ਮੰਨਦਿਆਂ ਹੋਇਆਂ ਉਹਨਾਂ ਦੇ ਇਸ ਕਲਯੁੱਗ ਵਿੱਚ ਆਉਣ ਦੀ ਗਾਥਾ ਨੂੰ ਇਕ ਵਾਰ ਫਿਰ ਯਾਦ ਕਰਾਂ। ਖ਼ਾਲਸਾ ਜੀ! ਮੇਰੇ ਕਲਗੀਆਂ ਵਾਲੇ ਪਾਤਸ਼ਾਹ ਇਸ ਕਲਯੁੱਗੀ ਨਗਰੀ ਵਿੱਚ ਕਿਉਂ ਆਏ? ਇਸ ਬਾਰੇ ਉਹ ਆਪ ਹੀ ਦੱਸਦੇ ਹਨ:-

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਧਰਮ ਚਲਾਵਨ ਸੰਤ ਉਭਾਰਨ।
ਦੁਸਟ ਸਭਨ ਕੋ ਮੂਲ ਉਪਾਰਨ।
ਧਰਮ ਚਲਾਵਣ, ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਭਾਰਨ॥

ਹਮ ਇਹ ਕਾਜ ਜਗਤ ਮੋ ਆਏ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ-ਕਿ ਅਸੀਂ ਇਸ ਕੰਮ ਵਾਸਤੇ ਜਗਤ ਵਿਚ ਆਏ ਹਾਂ। ਧਰਮ ਫੈਲਾਉਣ ਵਾਸਤੇ, ਸੰਤਾਂ ਨੂੰ ਉਭਾਰਨ ਵਾਸਤੇ, ਸੰਤਾਂ ਨੂੰ ਉੱਪਰ ਚੁੱਕਣ ਵਾਸਤੇ, ਸਾਰੇ ਦੁਸ਼ਟਾਂ ਨੂੰ ਜੜ੍ਹ ਤੋਂ ਖ਼ਤਮ ਕਰਨ ਵਾਸਤੇ।

ਆਕਾਲ ਪੁਰਖ਼ ਨੇ ਕਲਗੀਧਰ ਪਾਤਸ਼ਾਹ ਨੂੰ ਇਸ ਜਗਤ ਵਿਚ ਭੇਜਣ ਸਮੇਂ ਹੁਕਮ ਕੀਤਾ ਸੀ-

ਮੈਂ ਆਪਣਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕੋ ਸਾਜਾ॥
ਜਹਾਂ ਤਹਾਂ ਤੈਂ ਧਰਮ ਚਲਾਇ॥ ਕੁਬੁੱਧ ਕਰਨ ਤੇ ਲੋਕ ਹਟਾਇ॥

ਹੁਕਮ ਕੀਤਾ ਕਿ ਮੈਂ ਤੁਹਾਨੂੰ, ਆਪਣਾ ਪੁੱਤਰ ਹੋਣ ਦਾ ਮਾਣ ਦਿੱਤਾ ਹੈ। ਧਰਮ ਦੇ ਪ੍ਰਚਾਰ ਵਾਸਤੇ ਹੀ ਤੁਹਾਨੂੰ ਸਾਜਿਆ ਹੈ। ਜਾਉ ਦੁਨੀਆਂ ਵਿਚ ਧਰਮ ਫੈਲਾਉ ਅਤੇ ਲੋਕਾਂ ਨੂੰ ਕੁਬੱਧ ਕਰਨ ਤੋਂ, ਮੂਰਖਤਾ ਕਰਨ ਤੋਂ ਰੋਕੋ।

ਤੇ ਫਿਰ ਇਕ ਸੱਚੇ ਸਪੂਤ ਵਾਂਗ ਕਲਗੀਧਰ ਪਾਤਸ਼ਾਹ ਨੇ ਆਪਣੇ ਪਿਤਾ-ਪ੍ਰਮੇਸ਼ਵਰ ਦਾ ਹੁਕਮ ਸਿਰ ਮੱਥੇ ਮੰਨਿਆਂ। ਆਪ ਜੀ ਦੀ ਸਾਰੀ ਬਾਣੀ, ਆਪ ਜੀ ਦੇ ਸਾਰੇ ਕਰਮ, ਆਪ ਜੀ ਦੀ ਸਾਰੀ ਜ਼ਿੰਦਗੀ ਧਰਮ ਫੈਲਾਉਂਣ ਤੇ ਕੁਬੁੱਧ ਨੂੰ ਰੋਕਣ ਦੇ ਹੀ ਲੇਖੇ ਲੱਗੀ।

ਆਪ ਜੀ ਨੇ ਇੱਕ ਸੱਚੇ ਸਪੂਤ ਵਾਂਗ, ਆਕਾਲ ਪਿਤਾ ਦੇ ਹੁਕਮ ਤੋ ਬਿਨਾਂ ਹੋਰ ਕਿਸੇ ਦੀ ਗੱਲ ਤੇ ਕੰਨ ਨਹੀਂ ਧਰਿਆ। ਆਪ ਫ਼ੁਰਮਾਉਂਦੇ ਹਨ-

ਪਾਹਿ ਗਹੈ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀਂ ਆਨਿਓਂ॥
ਰਾਮ, ਰਹੀਮ, ਪੁਰਾਨ, ਕੁਰਾਨ ਅਨੇਕ ਕਹੈਂ ਮਤਿ, ਏਕ ਨਾ ਮਾਨਿਓਂ॥

ਆਪ ਬੇਨਤੀ ਕਰਦੇ ਹਨ ਕਿ ਹੇ ਆਕਾਲ ਪੁਰਖ ਜਦੋਂ ਦੇ ਮੈਂ ਆਪ ਜੀ ਦੇ ਪੈਰ ਫੜ੍ਹੇ ਹਨ,ਉਦੋਂ ਤੋਂ ਮੈਂ ਹੋਰ ਕਿਸੇ ਦੀ ਪ੍ਰਵਾਹ ਨਹੀਂ ਕੀਤੀ। ਹਿੰਦੂ ਮੱਤ ਦੇ ਰਾਮ,ਤੇ

ਉਨ੍ਹਾਂ ਦੇ ਗ੍ਰੰਥ ਪੁਰਾਣ, ਮੁਸਲਮ ਮਤ ਦੇ ਰਹੀਮ, ਤੇ ਉਨ੍ਹਾਂ ਦਾ ਗ੍ਰੰਥ ਕੁਰਾਨ ਬਥੇਰੀਆਂ ਅਕਲਾਂ ਦਿੰਦੇ ਹਨ ਪਰ ਮੈਂ ਉਨ੍ਹਾਂ ਦੀ ਇੱਕ ਨਹੀ ਮੰਨੀ। ਮੈਂ ਉਹਨਾਂ ਦੀ ਕੋਈ ਧੌਂਸ ਨਹੀਂ ਸਹਿੰਦਾ। ਮੈਂ ਤੇ ਜੋ ਆਪ ਕਹਿੰਦੇ ਹੋ ਉਹੀ ਕਰਦਾ ਹਾਂ-

"ਨਾ ਕਾਨ ਕਾਹੂ ਕੀ ਧਰੋਂ॥
ਕਹਿਓ ਪ੍ਰਭੂ ਸੋ ਮੈਂ ਕਰੋਂ॥"

ਤੇ ਫਿਰ ਆਕਾਲ ਪੁਰਖ਼ ਦੇ ਕਹੇ ਵਿਚ ਰਹਿ ਕੇ, ਦਸਮ- ਪਿਤਾ ਨੇ ਉਹ ਕੁਝ ਕਰਕੇ ਵਿਖਾ ਦਿੱਤਾ, ਜੋ ਉਸ ਸਮੇਂ ਸੋਚਿਆ ਵੀ ਨਹੀਂ ਸੀ ਜਾ ਸਕਦਾ। ਸਤਿਗੁਰ ਨਾਨਕ ਦੇਵ ਜੀ ਨੇ ਫ਼ੁਰਮਾਇਆ ਸੀ-

"ਜਿੱਥੈ ਨੀਚ ਸਮਾਲੀਅਨ, ਤਿੱਥੈ ਨਦਰ ਤੇਰੀ ਬਖਸ਼ੀਸ਼॥"

ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਐਸੀ ਬਖਸ਼ੀਸ਼ ਕੀਤੀ, ਕਿ ਅਖਾਉਤੀ ਨੀਚ ਜਾਤੀਆਂ ਨੂੰ ਅਤੇ ਗਿੱਦੜਾਂ ਦੀ ਜੂਨ ਭੋਗਦੇ ਮਨੁੱਖਾਂ ਨੂੰ ਨਾ ਕੇਵਲ ਆਮ ਆਦਮੀ ਦੀ ਪੱਧਰ 'ਤੇ ਹੀ ਲਿਆਂਦਾ, ਨਾ ਕੇਵਲ ਆਪਣੇ ਪੱਧਰ ਦੀ ਉੱਚ-ਅਵਸਥਾ 'ਤੇ ਹੀ ਲਿਆਂਦਾ, ਸਗੋਂ ਆਪਣੇ ਤੋਂ ਵੀ ਉੱਪਰ ਦਾ ਦਰਜ਼ਾ ਬਖ਼ਸ਼ਿਆ, ਆਪਣਾ ਹੀ ਗੁਰੂ ਥਾਪ ਲਿਆ।

'ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ॥'

ਤੇ ਹੁਕਮ ਕੀਤਾ ਕਿ-

ਪੀਵਹੁ ਪਾਹੁਲ ਖੰਡੇ ਧਾਰ,ਹੋਇ ਜਨਮ ਸੁਹੇਲਾ॥

ਅਸਲ ਵਿਚ ਆਪ ਜੀ ਸਾਡੇ ਵਰਗੇ ਪਾਪੀਆਂ ਦੇ ਗੁੰਝਲਦਾਰ ਜੀਵਨ ਨੂੰ ਸਰਲ, ਸੁਹੇਲਾ ਤੇ ਸੁਹਾਵਣਾ ਕਰਨ ਵਾਸਤੇ ਹੀ ਆਏ ਸਨ। ਤਾਂ ਕਿ ਅਸੀਂ ਸਾਹਿਜ ਰੂਪ ਪ੍ਰਮਾਤਮਾ ਦਾ ਹੀ ਰੂਪ ਹੋ ਜਾਈਏ।

ਆਪ ਬਜ਼ਾ ਫਰਮਾਉਂਦੇ ਹਨ :-

ਹਮ ਇਹ ਕਾਜ ਜਗਤ ਮੋ ਆਏ॥

ਸਾਹਿਬ ਗੁਰੂ ਗੋਬਿੰਦ ਸਿੰਘ ਅਜੇ 9 ਸਾਲਾਂ ਦੇ ਹੀ ਸਨ ਜਦ ਉਹਨਾਂ ਆਪਣੇ ਪਿਤਾ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਹੋਣ ਵਾਸਤੇ ਦਿੱਲੀ ਨੂੰ ਤੋਰ ਦਿੱਤਾ। ਉਸ ਤੋਂ ਮਗਰੋਂ ਆਪ ਮਹਾਨ ਧਰਮ-ਯੁੱਧ ਦੀਆਂ ਤਿਆਰੀਆਂ ਵਿੱਚ ਰੁੱਝ ਗਏ। ਹਥਿਆਰਾਂ ਨੂੰ ਹੀ ਉਹਨਾਂ ਨੇ ਆਪਣਾ ਇਸ਼ਟ ਦੱਸਿਆ-

"ਅਸ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ॥
ਸੈਫ਼ ਸਰੋਹੀ ਸੈਂਹਥੀ, ਯਹੈ ਹਮਾਰੇ ਪੀਰ॥"

ਦੇਸੀ ਰਾਜੇ ਤੇ ਵਿਦੇਸ਼ੀ ਮੁਗਲ, ਗੱਲ ਕੀ ਚਾਰ ਚੁਫੇਰੇ ਉਹਨਾਂ ਦੇ ਦੁਸ਼ਮਣ ਹੀ ਦੁਸ਼ਮਣ ਸਨ ਤੇ ਉਹਨਾਂ ਸਾਰਿਆਂ ਦੇ ਵਿੱਚ ਥੋੜ੍ਹੀ ਜਿਹੀ ਹਥਿਆਰਬੰਦ ਤਾਕਤ ਨਾਲ ਗੁਰੂ ਜੀ ਸਾਰਿਆਂ ਨੂੰ ਅੱਗੇ ਲਾਈ ਫਿਰਦੇ ਸਨ। ਹਰ ਜੰਗ ਵਿੱਚੋਂ ਉਹ ਜੇਤੂ ਹੋ ਕੇ ਨਿਕਲੇ। ਉਹਨਾਂ ਨੇ ਆਪਣੀ ਤੇਗ਼ ਨਾਲ ਜਿੱਥੇ ਵੱਡੇ-ਵੱਡੇ ਜਰਨੈਲਾਂ ਨੂੰ ਧਰਤ ਚਟਾਈ, ਉੱਥੇ ਆਪਣੇ ਅੰਗ-ਸੰਗ ਰਹਿਣ ਵਾਲੇ ਪਿਆਰੇ ਸਿੰਘਾਂ ਨੂੰ ਵੀ ਆਪਣੀਆਂ ਅੱਖਾਂ ਨਾਲ ਸ਼ਹੀਦ ਹੁੰਦੇ ਵੇਖਿਆ। ਸਗੋਂ ਜਦੋਂ ਆਪ ਜੀ ਨੇ ਆਪਣੇ ਛੋਟੇ ਛਟੇ ਸ਼ਹਿਬਜ਼ਾਦੇ ਵੀ ਜੰਗ ਵਿੱਚ ਭੇਜ ਦਿੱਤੇ ਤਾਂ ਆਪ ਗੜ੍ਹੀ ਚਮਕੌਰ ਦੇ ਬੁਰਜ ਤੇ ਬੈਠ ਕੇ ਆਪਣੀਂ ਅੱਖੀਂ ਉਹਨਾਂ ਨੂੰ ਜੂਝਦੇ ਵੇਖਿਆ। ਉਹਨਾਂ ਦੀਆਂ ਨਜ਼ਰਾਂ ਦੇ ਸਾਹਮਣੇ

ਬੱਚਿਆਂ ਨੂੰ ਫੱਟ ਲੱਗੇ, ਉਹਨਾਂ ਦੀਆਂ ਨਜ਼ਰਾਂ ਦੇ ਸਾਹਮਣੇ ਖ਼ੂਨ ਦੇ ਫੁਹਾਰੇ ਚੱਲੇ, ਸਾਹਮਣੇ ਬੱਚੇ ਜੂਝਦੇ ਡਿੱਗੇ, ਸਾਹਮਣੇ ਹਜ਼ਾਰਾਂ ਵੈਰੀਆਂ ਨੇ ਕੁਹ ਸੁੱਟੇ, ਪਰ ਸਤਿਗੁਰਾਂ ਦੀਆਂ ਅੱਖਾਂ ਵਿਚ ਇੱਕ ਵੀ ਅੱਥਰੂ ਨਾ ਆਇਆ। ਸਗੋਂ ਉਹਨਾਂ ਨੇ ਅਕਾਲ-ਪੁਰਖ ਦਾ ਸ਼ੁਕਰਾਨਾ ਕੀਤਾ ਕਿ, 'ਹੇ ਆਕਾਲ-ਪੁਰਖ ਤੇਰਾ ਲੱਖ-ਲੱਖ ਸ਼ੁਕਰ ਹੈ ਕਿ ਤੇਰੀ ਅਮਾਨਤ ਤੇਰੇ ਪਾਸ ਪਹੁੰਚ ਸਕੀ।' ਇਹਨਾਂ ਘਟਨਾਵਾਂ ਤੋਂ ਜਾਪਦਾ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਹੁਤ ਹੀ ਸਖ਼ਤ ਦਿਲ ਇਨਸਾਨ ਸਨ, ਨਿਰੇ ਪੱਥਰ ਦਿਲ। ਪਰ ਨਹੀਂ, ਇਹ ਤਾਂ ਉਹਨਾਂ ਦਾ ਇੱਕ ਰੂਪ ਸੀ, ਅਡੋਲਤਾ ਵਾਲਾ ਰੂਪ। ਇਹ ਸਭ ਕੁਝ ਉਹਨਾਂ ਨੇ ਦ੍ਰਿੜਤਾ ਨਾਲ ਇਸੇ ਕਰਕੇ ਹੀ ਸਹਾਰ ਲਿਆ ਕਿਉਂਕਿ ਉਹਨਾਂ ਦੇ ਦਿਲ ਵਿਚ ਮਜਲੂਮਾਂ, ਕਮਜ਼ੋਰਾਂ ਤੇ ਨਿਆਸਰਿਆਂ ਵਾਸਤੇ ਬੇ-ਓੜਕ ਪਿਆਰ ਸੀ, ਹਮਦਰਦੀ ਸੀ ਨਰਮ-ਗੋਸ਼ਾ ਸੀ। ਆਪ ਨੇ ਜ਼ਿੰਦਗੀ-ਭਰ ਪਹਾੜਾਂ ਜਿੱਡੀਆਂ ਮੁਸੀਬਤਾਂ ਨਾਲ ਸਫਲ ਟੱਕਰ ਲਈ, ਪਰ ਆਪ ਜੀ ਦੇ ਦਿਲ ਵਿਚ ਹੰਕਾਰ ਫਿਰ ਵੀ ਨਹੀਂ ਆਇਆ। ਸਗੋਂ ਨਿਮਰਤਾ ਇੰਨੀ ਸੀ, ਜਿਸ ਦੀ ਕਿ ਮਿਸਾਲ ਮਿਲਨੀ ਅਸੰਭਵ ਹੈ। ਆਪ ਗੁਰ-ਸਿੱਖਾਂ ਬਾਰੇ ਫ਼ੁਰਮਾਉਂਦੇ ਹਨ-

"ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ,
ਨਹੀਂ ਮੋ ਸੇ ਗਰੀਬ ਕਰੋਰ ਪਰੇ।"

ਇੱਕ ਜਰਨੈਲ, ਇੱਕ ਰਹਿਬਰ, ਇਕ ਗੁਰੂ, ਇਕ ਜੀਵਨ-ਦਾਤਾ ਆਪਣੇ ਸਿਪਾਹੀਆਂ, ਆਪਣੇ ਚੇਲਿਆਂ, ਆਪਣੇ ਸਿੱਖਾਂ ਬਾਰੇ ਐਨੀ ਨਿਮਰਤਾ ਰੱਖਦਾ ਹੋਵੇ, ਐਸੀ ਮਿਸਾਲ ਦੁਨੀਆਂ ਵਿੱਚ ਕਿਤੇ ਨਹੀਂ ਮਿਲਦੀ। ਆਪ ਫੁਰਮਾਉਂਦੇ ਹਨ-

ਖ਼ਾਲਸਾ ਮੇਰੋ ਪਿੰਡ ਪਰਾਨ॥
ਖ਼ਾਲਸਾ ਮੇਰੀ ਜਾਨ ਕੀ ਜਾਨ॥
ਖ਼ਾਲਸਾ ਮੇਰੋ ਸਤਿਗੁਰ ਪੂਰਾ॥
ਖ਼ਾਲਸਾ ਮੇਰੋ ਸੱਜਣ ਸੂਰਾ॥
ਉਪਮਾ ਖਾਲਸੇ ਜਾਤ ਨਾ ਕਹੀ॥
ਜਿਹਵਾ ਏਕ ਪਾਰ ਨਹਿ ਲਹੀ॥
ਸੇਸ ਰਸਨ, ਸਾਰਦ ਸੀ ਬੁੱਧ॥
ਤਦਪ ਨ ਉਪਮਾ ਬਰਤਨ ਸੁੱਧ॥
ਯਾ ਮੈਂ ਰੰਚ ਨ ਮਿਥਿਆ ਭਾਖੀ॥
ਪਾਰਬ੍ਰਹਮ ਗੁਰੂ ਨਾਨਕ ਸਾਖੀ॥

ਵਾਹ! ਕਿਆ ਬਾਤ ਹੈ! ਕਹਿੰਦੇ ਹਨ- "ਖ਼ਾਲਸਾ ਹੀ ਮੇਰਾ ਸਰੀਰ ਹੈ, ਮੇਰਾ ਸਾਹ ਹੈ, ਮੇਰੀ ਜਾਨ ਹੈ। ਖ਼ਾਲਸਾ ਹੀ ਮੇਰਾ ਸਤਿਗੁਰੂ ਹੈ, ਮੇਰਾ ਸੱਜਣ ਹੈ। ਮੇਰੀ ਇੱਕ ਜੀਭ ਖ਼ਾਲਸੇ ਦੀ ਉਪਮਾ ਨਹੀਂ ਕਹਿ ਸਕਦੀ। ਜੇ ਮੈਂ ਕਿਹਾ ਹੈ ਕਿ ਖ਼ਾਲਸੇ ਦੀ ਰਸਨਾ ਸ਼ੇਸ਼ ਨਾਗ ਵਰਗੀ ਹੈ ਤੇ ਬੁੱਧੀ ਸਰਸਵਤੀ ਵਰਗੀ ਹੈ ਤਾਂ ਵੀ ਉਪਮਾ ਠੀਕ ਨਹੀਂ ਬਣਦੀ। ਮੇਰਾ ਪ੍ਰਮਾਤਮਾ ਤੇ ਮੇਰਾ ਸਤਿਗੁਰੂ ਨਾਨਕ ਮੇਰੇ ਗਵਾਹ ਹਨ ਕਿ ਮੈਂ ਜ਼ਰਾ ਜਿੰਨਾਂਵੀ ਝੂਠ ਨਹੀਂ ਬੋਲਿਆ।"

ਖ਼ਾਲਸਾ ਜੀ, ਉਸ ਮਿਹਰਾਂ ਦੇ ਸਾਗਰ ਨੇ ਸਾਨੂੰ ਕਿੰਨਾਂ ਉੱਚਾ ਦਰਜ਼ਾ ਦਿੱਤਾ ਹੈ? ਸਾਨੂੰ ਨੀਚਾਂ ਨੂੰ ਉਹਨਾਂ ਨੇ ਆਪਣਾ ਗੁਰੂ ਮੰਨਿਆ ਹੈ ਤੇ ਕਿਹਾ ਹੈ-

"ਖਾਲਸਾ ਮੇਰੋ ਰੂਪ ਹੈ ਖ਼ਾਸ॥
ਖਾਲਸੇ ਮਹਿ ਹੌਂ ਕਰੌਂ ਨਿਵਾਸ॥"

ਮੈਂ ਖ਼ਾਲਸੇ ਵਿੱਚ ਨਿਵਾਸ ਕਰਦਾ ਹਾਂ। ਖ਼ਾਲਸਾ ਜੀ, ਜੇ ਜ਼ਰਾ ਗੰਭੀਰ ਹੋ ਕੇ ਸੋਚੀਏ ਕਿ ਦਸਮੇਸ਼ ਪਿਤਾ ਜੀ ਸਾਡੇ ਹੀ ਵਿਚ ਵੱਸਦੇ ਹਨ ਤਾਂ ਸਾਨੂੰ ਇਹ ਵਿਚਾਰਨਾ ਪਵੇਗਾ ਕਿ ਜਿਸ ਤਨ-ਮਨ ਰੂਪੀ ਮੰਦਰ ਵਿਚ ਮੇਰੇ ਸ਼ਾਹਿਨਸ਼ਾਹ ਦਸ਼ਮੇਸ਼ ਪਿਤਾ ਦਾ ਵਾਸਾ ਹੈ, ਉਸ ਮੰਦਰ ਨੂੰ ਅਸੀ ਕਿੰਨਾਂ ਕੁ ਪਵਿੱਤਰ ਰੱਖਦੇ ਹਾਂ? ਆਪਣੇ ਘਰ ਤਾਂ ਅਸੀਂ ਬੜੇ ਸਾਫ ਸੁੱਥਰੇ ਰੱਖਦੇ ਹਾਂ, ਪਰ ਦਸ਼ਮੇਸ਼ ਦੇ ਨਿਵਾਸ ਸਥਾਨ ਵਿਚ ਅਸੀਂ ਸਾੜੇ, ਕੀਨੇ, ਨਫ਼ਰਤ, ਭੈੜੇ ਵਿਚਾਰਾਂ, ਸ਼ਰਾਬ, ਹਰਾਮ ਦੀ ਕਮਾਈ ਤੇ ਹੋਰ ਕਿੰਨੀਆਂ ਗੰਦੀਆਂ-ਮੰਦੀਆਂ ਵਸਤਾਂ ਸੁੱਟ ਛੱਡਦੇ ਹਾਂ। ਕੀ ਸੱਚ-ਮੁੱਚ ਹੀ ਐਸੇ ਸਥਾਨ 'ਤੇ ਸਾਡੇ ਗੁਰਦੇਵ ਨਿਵਾਸ ਕਰਨਗੇ? ਤਾਂ ਫਿਰ ਆਉ ਖ਼ਾਲਸਾ ਜੀ, ਆਪਾਂ ਆਪਣੇ ਤਨ-ਮਨ ਨੂੰ ਆਪਣੇ 'ਸਾਹਿਬ' ਦੇ ਨਿਵਾਸ ਦੇ ਯੋਗ ਬਣਾਉਣ ਦਾ ਉਪਰਾਲਾ ਅੱਜ ਤੋਂ ਹੀ ਆਰੰਭੀਏ। ਤੇ ਅੰਤ ਵਿਚ ਇਕ ਗੀਤ ਸੁਣੀਏ ਛੋਟੇ ਛੋਟੇ ਬਾਲਾਂ ਪਾਸੋਂ:-

## ਸੁਣ ਸਿੰਘ-ਖ਼ਾਲਸਾ

ਗੁਰੂ ਦੇ ਦਵਾਰੇ ਆਜਾ ਸਤਿਨਾਮ ਕਹਿਕੇ,
ਏਥੇ ਆਉਂਣ ਤੇ ਹੀ ਆਉਂਣ ਜਾਣ ਮੁੱਕਣਾ॥
ਸੁਣ ਸਿੰਘ ਖਾਲਸਾ,
ਗੁਰੂ ਚਰਨੀ ਪਊ ਝੁੱਕਣਾ,
ਸੁਣ ਸਿੰਘ ਖ਼ਾਲਸਾ॥

ਸਤਿਗੁਰਾਂ ਆਖਿਆ ਸੀ ਕੇਸ ਨਾ ਕਟਾਉਂਣ ਨੂੰ॥
ਮੋਚਣਾ ਤੂੰ ਰੱਖ ਲੀਤਾ,ਧੌਲੇ ਚਗਵਾਉਂਣ ਨੂੰ॥
ਚਿੱਟਿਆਂ ਨੂੰ ਕਾਲੇ ਕਰੀ ਜਾਨਾਂ ਏ ਤੂੰ ਰੰਗ ਲਾਕੇ,
ਇੰਜ ਤਾਂ ਬੁੱਢਾਪਾ ਨਹੀਓਂ ਲੁੱਕਣਾ,
ਸੁਣ ਸਿੰਘ ਖ਼ਾਲਸਾ... ... ...

ਸਤਿਗੁਰਾਂ ਆਖਿਆ ਸੀ ਨਾਮ ਦੀ ਖ਼ੁਮਾਰੀ ਨੂੰ॥
ਗਲ਼ ਪਾ ਕੇ ਬਹਿ ਗਿਉਂ ਸ਼ਰਾਬ ਦੀ ਬੀਮਾਰੀ ਨੂੰ॥
ਭੁੱਲੇਂਗਾ ਤੂੰ ਕਿਹੜੀ ਕਿਹੜੀ ਗੱਲ ਨੂੰ ਸ਼ਰਾਬ ਪੀ ਕੇ,
ਇੰਜ ਤਾਂ ਕਲੇਸ਼ ਨਹੀਓਂ ਮੁੱਕਣਾ,
ਸੁਣ ਸਿੰਘ ਖ਼ਾਲਸਾ... ... ...

ਸਤਿਗੁਰਾਂ ਆਖਿਆ ਸੀ, ਛੱਡੋ ਜਾਤ ਪਾਤ ਨੂੰ॥
ਸੀਨੇ ਨਾਲ ਲਾ ਲਿਆ ਤੂੰ ਇਸ ਕਮਜ਼ਾਤ ਨੂੰ॥
ਅੱਗੇ ਤੇਰੇ ਕਰਮਾਂ ਤੇ ਹੋਣੇ ਨੇ ਨਬੇੜੇ ਬੀਬਾ,
ਜਾਤ-ਪਾਤ ਨੇੜੇ ਨਹੀਂਓ ਢੁੱਕਣਾ,
ਸੁਣ ਸਿੰਘ ਖ਼ਾਲਸਾ... ... ...

»»»

ਸਤਿਗੁਰਾਂ ਆਖਿਆ ਸੀ ਹੱਕ ਦੀ ਕਮਾਈ ਨੂੰ॥
ਟੁੱਟ-ਟੁੱਟ ਪੈਂਦਾ ਏਂ ਤੂੰ ਦੌਲਤ ਪਰਾਈ ਨੂੰ॥
ਹੱਕ ਦੀ ਕਮਾਈ ਵਿੱਚੋਂ ਕੱਢ ਦਸਵੰਦ ਵੀਰਾ,
ਛੱਡ ਦੇ ਪਰਾਇਆ ਟੁੱਕ ਟੁੱਕਣਾ,
ਸੁਣ ਸਿੰਘ ਖ਼ਾਲਸਾ... ... ...

ਸਤਿਗੁਰਾਂ ਆਖਿਆ ਸੀ ਸੱਚ ਦੇ ਵਿਹਾਰ ਨੂੰ॥
ਠੱਗੀ ਹੀ ਬਣਾ ਲਿਆ ਤੂੰ ਸੱਜਣਾ, ਵਪਾਰ ਨੂੰ॥
ਸੱਚ ਦਾ ਵਪਾਰ ਕਰ ਹੱਕ ਦਾ ਮੁਨਾਫ਼ਾ ਰੱਖ,
ਛੱਡ ਦੇ ਲੁਟੇਰਾ ਬਣ ਲੁੱਟਣਾ,
ਸੁਣ ਸਿੰਘ ਖ਼ਾਲਸਾ... ... ...

ਸਤਿਗੁਰਾਂ ਆਖਿਆ ਸੀ,ਵਿਸ਼ਵਾਸ ਰੱਖਣਾ॥
ਛੱਡ ਸਾਰੇ ਆਸਰੇ,ਆਕਾਲ ਨੂੰ ਹੈ ਜੱਪਣਾ॥
ਕਾਲ ਤੇ ਆਕਾਲ ਨੂੰ ਤੂੰ ਯਾਦ ਰੱਖ ਸਦਾ 'ਸੰਧੂ'
ਕਾਲ ਦਾ ਹਥੌੜਾ ਸਿਰ ਠੱਕਣਾ,
ਸੁਣ ਸਿੰਘ ਖਾਲਸਾ
ਗੁਰੂ ਚਰਨੀ ਪਊ ਝੁੱਕਣਾ,
ਸੁਣ ਸਿੰਘ ਖ਼ਾਲਸਾ... ... ...

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਿਹ॥